ਨਟ ਮਹਲਾ ੫ ॥ ਮੇਰੇ ਮਨ ਜਪੁ ਜਪਿ ਹਰਿ ਨਾਰਾਇਣ ॥ ਕਬਹੂ ਨ ਬਿਸਰਹੁ ਮਨ ਮੇਰੇ ਤੇ ਆਠ ਪਹਰ ਗੁਨ ਗਾਇਣ ॥੧॥ ਰਹਾਉ ॥ ਸਾਧੂ ਧੂਰਿ ਕਰਉ ਨਿਤ ਮਜਨੁ ਸਭ ਕਿਲਬਿਖ ਪਾਪ ਗਵਾਇਣ ॥ ਪੂਰਨ ਪੂਰਿ ਰਹੇ ਕਿਰਪਾ ਨਿਧਿ ਘਟਿ ਘਟਿ ਦਿਸਟਿ ਸਮਾਇਣੁ ॥੧॥ ਜਾਪ ਤਾਪ ਕੋਟਿ ਲਖ ਪੂਜਾ ਹਰਿ ਸਿਮਰਣ ਤੁਲਿ ਨ ਲਾਇਣ ॥ ਦੁਇ ਕਰ ਜੋੜਿ ਨਾਨਕੁ ਦਾਨੁ ਮਾਂਗੈ ਤੇਰੇ ਦਾਸਨਿ ਦਾਸ ਦਸਾਇਣੁ ॥੨॥੬॥੭॥ {ਪੰਨਾ 979}

ਪਦਅਰਥ:- ਮਨ—ਹੇ ਮਨ! ਜਪੁ—ਨਾਮ ਦਾ ਜਾਪ। ਜਪਿ—ਜਪਿਆ ਕਰ। ਨ ਬਿਸਰਹੁ—(ਹੇ ਪ੍ਰਭੂ!) ਤੂੰ ਨਾਹ ਵਿੱਸਰ। ਤੇ—ਤੋਂ।1। ਰਹਾਉ।

ਸਾਧੂ ਧੂਰਿ—ਗੁਰੂ ਦੇ ਚਰਨਾਂ ਦੀ ਧੂੜ (ਵਿਚ)। ਕਰਉ—ਕਰਉਂ, ਮੈਂ ਕਰਦਾ ਰਹਾਂ। ਮਜਨੁ—ਮੱਜਨੁ, ਇਸ਼ਨਾਨ। ਕਿਲਬਿਖ—ਪਾਪ। ਗਵਾਇਣ—ਦੂਰ ਕਰਨ ਦੇ ਸਮਰੱਥ। ਪੂਰਨ—ਹੇ ਸਰਬ-ਵਿਆਪਕ! ਕਿਰਪਾ ਨਿਧਿ—ਹੇ ਕਿਰਪਾ ਦੇ ਖ਼ਜ਼ਾਨੇ! ਘਟਿ ਘਟਿ—ਹਰੇਕ ਸਰੀਰ ਵਿਚ। ਦਿਸਟਿ ਸਮਾਇਣੁ—ਦਿੱਸਦਾ ਰਹੇਂ ਸਮਾਇਆ ਹੋਇਆ।1।

ਜਾਪ—(ਦੇਵਤਿਆਂ ਨੂੰ ਵੱਸ ਕਰਨ ਦੇ ਮੰਤ੍ਰਾਂ ਦੇ) ਜਾਪ। ਤਾਪ—(ਧੂਣੀਆਂ ਆਦਿਕ) ਤਪਾਂ ਦੇ ਸਾਧਨ। ਕੋਟਿ—ਕ੍ਰੋੜਾਂ। ਤੁਲਿ—ਬਰਾਬਰ। ਦੁਇ—ਦੋਵੇਂ। ਕਰ—ਹੱਥ {ਬਹੁ-ਵਚਨ}। ਜੋੜਿ—ਜੋੜ ਕੇ। ਦਾਨੁ—ਖ਼ੈਰ। ਮਾਂਗੈ—ਮੰਗਦਾ ਹੈ {ਇਕ-ਵਚਨ}। ਦਾਸਨਿ ਦਾਸ ਦਸਾਇਣੁ—ਦਾਸਾਂ ਦੇ ਦਾਸਾਂ ਦਾ ਦਾਸ।2।

ਅਰਥ:- ਹੇ ਮੇਰੇ ਮਨ! ਹਰੀ ਨਾਰਾਇਣ ਦੇ ਨਾਮ ਦਾ ਜਾਪ ਜਪਿਆ ਕਰ। ਹੇ ਪ੍ਰਭੂ! ਤੂੰ ਮੇਰੇ ਮਨ ਤੋਂ ਕਦੇ ਭੀ ਨਾਹ ਭੁੱਲ, (ਮੇਰਾ ਮਨ) ਅੱਠੇ ਪਹਰ ਤੇਰੇ ਗੁਣ ਗਾਂਦਾ ਰਹੇ।1। ਰਹਾਉ।

(ਹੇ ਪ੍ਰਭੂ! ਮਿਹਰ ਕਰ) ਮੈਂ ਗੁਰੂ ਦੇ ਚਰਨਾਂ ਦੀ ਧੂੜ ਵਿਚ ਸਦਾ ਇਸ਼ਨਾਨ ਕਰਦਾ ਰਹਾਂ, (ਗੁਰੂ ਦੇ ਚਰਨਾਂ ਦੀ ਧੂੜ) ਸਾਰੇ ਪਾਪ ਦੂਰ ਕਰਨ ਦੇ ਸਮਰੱਥ ਹੈ। ਹੇ ਸਭ ਵਿਚ ਵੱਸ ਰਹੇ ਪ੍ਰਭੂ! ਹੇ ਕਿਰਪਾ ਦੇ ਖ਼ਜ਼ਾਨੇ ਪ੍ਰਭੂ! ਤੂੰ ਮੈਨੂੰ ਹਰੇਕ ਸਰੀਰ ਵਿਚ ਸਮਾਇਆ ਹੋਇਆ ਦਿੱਸਦਾ ਰਹੇਂ।1।

ਹੇ ਪ੍ਰਭੂ! ਹੇ ਹਰੀ! ਕ੍ਰੋੜਾਂ ਜਪ ਤਪ ਤੇ ਲੱਖਾਂ ਪੂਜਾ ਤੇਰੇ ਸਿਮਰਨ ਦੀ ਬਰਾਬਰੀ ਨਹੀਂ ਕਰ ਸਕਦੇ। (ਤੇਰਾ ਦਾਸ) ਨਾਨਕ ਦੋਵੇਂ ਹੱਥ ਜੋੜ ਕੇ (ਤੈਥੋਂ) ਖ਼ੈਰ ਮੰਗਦਾ ਹੈ (ਕਿ ਮੈਂ ਤੇਰੇ) ਦਾਸਾਂ ਦੇ ਦਾਸਾਂ ਦਾ ਦਾਸ (ਬਣਿਆ ਰਹਾਂ)।2।6।7।